# ਪੰਜਾਬ ਸਕੂਲ ਸਿੱਖਿਆ ਬੋਰਡ

ਦੁਪਰਤੀ ਸਰਟੀਫਿਕੇਟ ਕਮ ਨਤੀਜ਼ਾ ਕਾਰਡ ਲੈਣ ਲਈ ਫਾਰਮ
(ਜ਼ਰੂਰੀ ਹਦਾਇਤਾਂ ਪਿਛਲੇ ਪੰਨੇ ਤੇ ਪੜ੍ਹੋ)
1 ਅਪ੍ਰੈਲ 2013 ਤੋਂ ਲਾਗੂ

ਡਾਇਰੀ ਨੰ ......................
ਮਿਤੀ ............................
(ਸਿੰਗਲ ਵਿੰਡੋ)

**ਫੀਸ 600/-ਰੁਪਏ ਪ੍ਰਤੀ ਸਰਟੀਫਿਕੇਟ**
**ਸੋਧ ਫੀਸ 1000/- ਰੁਪਏ ਪ੍ਰਤੀ ਗਲਤੀ**

ਤਸਦੀਕ ਸ਼ੁਦਾ ਪਾਸਪੋਰਟ ਸਾਈਜ਼ ਫੋਟੋ

| | | | | | |
|---|---|---|---|---|---|
| ਜਿਲ੍ਹੇ ਦਾ ਨਾਂ | | **ਫੀਸ ਦਾ ਵੇਰਵਾ** | | **ਹਸਤਾਖਰ** | |
| ਰੋਲ ਨੰਬਰ | | ਸਥਾਨ | | (ਪੰਜਾਬੀ ਵਿੱਚ) | |
| ਪ੍ਰੀਖਿਆ | | ਰਕਮ | | | |
| ਸ਼ੈਸ਼ਨ/ਸਾਲ | | ਰਸੀਦ ਨੰਬਰ | | (ਅੰਗਰੇਜ਼ੀ ਵਿੱਚ) | |
| | | ਮਿਤੀ | | | |

ਪ੍ਰੀਖਿਆਰਥੀ ਦਾ ਨਾਂ ........................................................................................................
ਪਿਤਾ ਦਾ ਨਾਂ ..................................................................................................................
ਮਾਤਾ ਦਾ ਨਾਂ ..................................................................................................................
ਦੁਪਰਤੀ ਸਰਟੀਫਿਕੇਟ ਲੈਣ ਦਾ ਕਾਰਨ ....................................................................................
ਜਿਲ੍ਹਾਂ / ਸਕੂਲ ਦਾ ਨਾਂ ........................................................................................................
..................................................................................................................................
ਉਮੀਦਵਾਰ ਦਾ ਪੱਕਾ ਪਤਾ ........................................................................................................
.................................................................................................. ਜਿਲ੍ਹਾ ..........................

**Student Details in English (IN CAPITAL LETTER)**

Name
Father's Name
Mother's Name
Reg. No.
Date of Birth
Mobile No STD Code Phone No
E-Mail

### ਨਤੀਜ਼ੇ ਦਾ ਵੇਰਵਾ

| ਨਤੀਜ਼ਾ | | | ਦਰਜਾ | | ਪੂਰੇ ਵਿਸ਼ੇ | | |
|---|---|---|---|---|---|---|---|
| ਪਾਸ | | ਪ੍ਰਾਪਤ ਅੰਕ | ਪਹਿਲਾ | | 1 ...................... | 4 ...................... | 7 ...................... |
| ਫੇਲ | | ਕੁੱਲ ਅੰਕ | ਦੂਜਾ | | 2 ...................... | 5 ...................... | 8 ...................... |
| ਕੰਪਾਰਟਮੈਂਟ | | | ਤੀਜਾ | | 3 ...................... | 6 ...................... | 9 ...................... |

### ਤਸਦੀਕ

ਮੈ ਤਸਦੀਕ ਕਰਦਾ/ਕਰਦੀ ਹਾਂ ਕਿ ਮੈ ਬਿਨੈਕਾਰ ਨੂੰ ਜਾਣਦਾ/ਜਾਣਦੀ ਹਾਂ ਅਤੇ ਇਹ ਅਸਲ ਪ੍ਰੀਖਿਆਰਥੀ ਹੈ, ਜਿਸਦੀ ਫੋਟੋ ਤਸਦੀਕ ਕਰ ਦਿੱਤੀ ਗਈ ਹੈ। ਬਿਨੈਕਾਰ ਨੇ ਮੇਰੀ ਹਾਜ਼ਰੀ ਵਿਚ ਹਸਤਾਖਰ ਕੀਤੇ ਹਨ।

ਪੱਦਵੀ ਅਤੇ ਪੂਰਾ ਪਤਾ..................................
..........................................................
..........................................................
ਮਿਤੀ .................. ਮੋਬਾਈਲ :....................

ਹਸਤਾਖਰ
(ਦਫਤਰੀ ਮੋਹਰ)

ਚੈੱਕ ਲਿਸਟ ਅਨੁਸਾਰ ਫਾਰਮ ਵਿੱਚ ਭਰੇ ਸਾਰੇ ਵੇਰਵੇ ਚੈੱਕ ਕਰ ਲਏ ਹਨ ਅਤੇ ਫਾਰਮ ਬਿਲਕੁੱਲ ਠੀਕ ਭਰਿਆ ਹੈ।

ਪ੍ਰੀਖਿਆਰਥੀ ਦੇ ਹਸਤਾਖਰ
ਫਾਰਮ ਪ੍ਰਾਪਤ ਕਰਤਾ ਦੇ ਹਸਤਾਖਰ

*ਕੇਵਲ ਦਫਤਰੀ ਵਰਤੋਂ ਲਈ*

| ਜਾਰੀ ਸਰਟੀਫਿਕੇਟ ਕਮ ਨਤੀਜ਼ਾ ਕਾਰਡ ਦਾ ਲੜੀ ਨੰਬਰ | ਵੇਰਵੇ ਪੜਤਾਲੇ ਗਏ | ਸਰਟੀਫਿਕੇਟ ਭੇਜਣ ਦਾ ਵੇਰਵਾ |
|---|---|---|
| (1) ਸਰਟੀਫਿਕੇਟ | | ਰਜਿਸਟਰਡ ਨੰ. R P _ _ _ _ _ _ _ _ I N |
| (2) ਨਤੀਜ਼ਾ ਕਾਰਡ | ਸੀਨੀ. ਸਹਾ./ਜੂਨੀ:ਸਹਾ./ਕਲਰਕ ਕਮ ਡੀ.ਈ.ਓ. | ਮਿਤੀ |

ਪੱਤਰ ਵਿਹਾਰ ਲਈ ਨਾਂ ਅਤੇ ਪੂਰਾ ਪਤਾ
ਨਾਂ..........................................................
ਪਿਤਾ ਦਾ ਨਾਂ ...........................................
ਪੂਰਾ ਪਤਾ ................................................
..................................ਪਿੰਨ ਕੋਡ ...............
ਫੋਨ/ਮੋਬਾਈਲ ਨੰ:-......................................

ਪੱਤਰ ਵਿਹਾਰ ਲਈ ਨਾਂ ਅਤੇ ਪੂਰਾ ਪਤਾ
ਨਾਂ..........................................................
ਪਿਤਾ ਦਾ ਨਾਂ ...........................................
ਪੂਰਾ ਪਤਾ ................................................
..................................ਪਿੰਨ ਕੋਡ ...............
ਫੋਨ/ਮੋਬਾਈਲ ਨੰ:-......................................

***** *ਕੰਪਿਊਟਰ ਸੈੱਲ* *****

# **ਫਾਰਮ ਭਰਨ ਸਬੰਧੀ ਹਦਾਇਤਾਂ**

1) ਵੱਖ-ਵੱਖ ਪ੍ਰੀਖਿਆਵਾਂ (ਕਲਾਸਾਂ) ਲਈ ਅਲੱਗ-ਅਲੱਗ ਫਾਰਮ ਭਰਿਆ ਜਾਵੇ ।

2) ਬਿਨੈਕਾਰ ਫਾਰਮ ਵਿੱਚ ਸਾਰੇ ਵੇਰਵੇ ਜਿਵੇਂ ਆਪਣੀ ਜਨਮ ਮਿਤੀ, ਨਾਂ, ਮਾਤਾ/ਪਿਤਾ ਦਾ ਨਾਂ ਅਤੇ ਰਜਿਸ਼ਟ੍ਰੇਸਨ ਨੰਬਰ ਆਦਿ ਧਿਆਨ ਨਾਲ ਬਿਨ੍ਹਾਂ ਕਿਸੇ ਕਟਿੰਗ ਤੋਂ ਭਰੇਗਾ। ਫਾਰਮ ਅਤੇ ਫੋਟੋ ਇਕ ਹੀ ਸਮਰੱਥ ਅਧਿਕਾਰੀ ਵੱਲੋਂ ਤਸਦੀਕ ਕਰਵਾ ਕੇ ਭੇਜੇ ਜਾਣ। ਕੋਈ ਵੀ ਵਿਅਕਤੀ ਕਿਸੇ ਹੋਰ ਵੱਲੋਂ ਬਿਨੈ ਪੱਤਰ/ਫਾਰਮ ਨਹੀ ਦੇ ਸਕਦਾ।

3) **ਫਾਰਮ ਅਤੇ ਫੋਟੋ ਤਸਦੀਕ ਕਰਨ ਵਾਲੇ ਸਮਰੱਥ ਅਧਿਕਾਰੀ।**

ੳ) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ, ਸਹਾਇਕ ਸਕੱਤਰ ਜਾਂ ਉਸ ਦੇ ਬਰਾਬਰ ਜਾਂ ਉੱਪਰਲੇ ਅਧਿਕਾਰੀ, ਐਗਜੈਕਟਿਵ ਮੈਜਿਸਟਰੇਟ, ਸਰਕਾਰੀ/ਮਾਨਤਾ ਪ੍ਰਾਪਤ (ਏਡਿਡ) ਸਕੂਲਾਂ/ਕਾਲਜਾਂ ਦੇ ਮੁੱਖੀ, ਪੰਜਾਬ ਰਾਜ ਦੀਆ ਯੂਨੀਵਰਸਿਟੀਆਂ ਦੇ ਪ੍ਰਫੈਸਰ, ਸੀਨੀਅਰ ਸੈਕੰਡਰੀ (12ਵੀਂ ਸ਼੍ਰੇਣੀ) ਲਈ ਸਰਕਾਰੀ/ਮਾਨਤਾ ਪ੍ਰਾਪਤ (ਏਡਿਡ) ਸੀਨੀਅਰ ਸੈਕੰਡਰੀ ਸਕੂਲਾਂ/ ਕਾਲਜਾਂ ਦੇ ਮੁੱਖੀ ਅਤੇ ਡੀ.ਪੀ.ਆਈ. ਦੇ ਡਾਇਰੈਕਟਰ/ਡਿਪਟੀ ਡਾਇਰੈਕਟਰ/ਸਹਾਇਕ ਡਾਇਰੈਕਟਰ।

ਅ) ਜਿਲ੍ਹਾ ਸਿੱਖਿਆ ਅਫਸਰ ਅਤੇ ਉਸਤੋਂ ਉੱਪਰ ਤੇ ਅਧਿਕਾਰੀ, ਭਾਰਤੀ ਸੈਨਿਕਾਂ ਤੇ ਉਹਨਾਂ ਦੇ ਬੱਚਿਆਂ ਦੇ ਕੇਸ ਵਿੱਚ ਯੂਨਿਟ ਦੇ ਅਧਿਕਾਰੀ, ਐਫੀਲੀਏਟਿਡ ਸਕੂਲਾਂ ਦੇ ਮੁਖੀ ਕੇਵਲ ਆਪਣੇ ਸਕੂਲਾਂ ਦੇ ਵਿਦਿਆਰਥੀਆ ਦੇ ਫਾਰਮ ਹੀ ਤਸਦੀਕ ਕਰਨਗੇ।

(ੲ) 'ੳ' ਤੋਂ ਇਲਾਵਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ।

(ਸ) ਪਿਛਲੇ ਇੱਕ ਸਾਲ ਵਿੱਚ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰ ਕੇਵਲ ਆਪਣੇ ਸਕੂਲ/ਕਾਲਜ ਮੁੱਖੀਆ ਤੋਂ ਫਾਰਮ ਤਸਦੀਕ ਕਰਵਾ ਕੇ ਭੇਜਣ।

(ਹ) ਪੰਜਵੀਂ ਸ਼੍ਰੇਣੀ ਦਾ ਦੁਪਰਤੀ ਸਰਟੀਫਿਕੇਟ ਲੈਣ ਲਈ ਦੁਪਰਤੀ ਫਾਰਮ ਅਤੇ ਸਬੰਧਤ ਸਕੂਲ ਦੇ ਦਾਖਲਾ ਰਜਿਸਟਰ ਦੀ ਫੋਟੋ ਕਾਪੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਤੋਂ ਤਸਦੀਕ ਕਰਵਾ ਕੇ ਭੇਜੀ ਜਾਵੇ।

(-) **ਚੰਡੀਗੜ੍ਹ ਦੇ ਵਿਦਿਆਰਥੀਆਂ ਲਈ** :-

'ੳ' ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਚੰਡੀਗੜ੍ਹ ਵਿਖੇ ਸਥਿਤ ਸਰਕਾਰੀ/ਮਾਨਤਾ ਪ੍ਰਾਪਤ (ਏਡਿਡ) /ਕਾਲਜਾਂ ਦੇ ਮੁੱਖੀ।

4) **ਫੀਸ** :-

(ੳ) ਬਣਦੀ ਫੀਸ ਬੋਰਡ ਦੇ ਕੈਸ਼ੀਅਰ ਪਾਸ ਜਮ੍ਹਾਂ ਕਰਵਾ ਕੇ ਫਾਰਮ ਨਾਲ ਅਸਲ ਰਸੀਦ ਲਗਾਈ ਜਾਵੇ।

(ਅ) ਬਣਦੀ ਫੀਸ ਬੈਂਕ ਡਰਾਫਟ ਰਾਹੀਂ ਵੀ **ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ** ਦੇ ਨਾਮ ਜੋ **ਐਸ. ਏ. ਐਸ. ਨਗਰ/ਚੰਡੀਗੜ** ਵਿਖੇ ਅਦਾ ਹੋਣ ਯੋਗ ਹੋਵੇ, ਭੇਜੀ ਜਾ ਸਕਦੀ ਹੈ। ਮਨੀਆਰਡਰ/ਪੋਸਟਲ ਆਰਡਰ ਰਾਹੀਂ ਫੀਸ ਨਾ ਭੇਜੀ ਜਾਵੇ।

5) ਜੇਕਰ 30 ਦਿਨਾਂ ਦੇ ਅੰਦਰ ਸਰਟੀਫਿਕੇਟ ਕਮ ਨਤੀਜ਼ਾ ਕਾਰਡ ਪ੍ਰਾਪਤ ਨਹੀ ਹੁੰਦਾ ਤਾਂ **ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ-8, ਐਸ.ਏ.ਐਸ ਨਗਰ (ਮੋਹਾਲੀ) 160062** ਦੀ ਦੁਪਰਤੀ ਸਰਟੀਫਿਕੇਟ ਨਾਲ ਸਬੰਧਤ ਸ਼ਾਖਾ ਨਾਲ ਪੂਰੇ ਵੇਰਵਿਆਂ ਸਹਿਤ ਪੱਤਰ ਵਿਹਾਰ ਕੀਤਾ ਜਾਵੇ।

6) ਸਾਲ 2000 ਤੋਂ ਪਹਿਲਾਂ ਦੇ ਨਤੀਜ਼ਿਆਂ ਦੀਆ ਨਤੀਜ਼ਾ ਸ਼ੀਟਾਂ ਉਪਲੱਬਧ ਨਾ ਹੋਣ ਕਰਕੇ ਅੰਕਾਂ ਸਹਿਤ ਨਤੀਜ਼ਾ ਕਾਰਡ ਨਹੀਂ ਭੇਜੇ ਜਾ ਸਕਦੇ, ਇਸ ਕਰਕੇ ਕੇਵਲ ਉਮੀਦਵਾਰ ਵੱਲੋਂ ਲਏ ਵਿਸ਼ਿਆ ਵਿੱਚ ਪਾਸ ਜਾਂ ਫੇਲ੍ਹ ਹੀ ਦਰਸਾਇਆ ਜਾਵੇਗਾ।

7) ਤਰੁੱਟੀ ਵਾਲੇ ਕੇਸਾਂ ਵਿਚ ਪ੍ਰੀਖਿਆਰਥੀ ਵੱਲੋਂ ਤਰੁੱਟੀ ਦੂਰ ਕਰਵਾਉਣ ਉਪਰੰਤ ਹੀ ਦੁਪਰਤੀ ਸਰਟੀਫਿਕੇਟ ਕਮ ਨਤੀਜ਼ਾ ਕਾਰਡ ਜਾਰੀ ਕੀਤਾ ਜਾਵੇਗਾ।

8) ਦੁਪਰਤੀ ਸਰਟੀਫਿਕੇਟ/ਨਤੀਜ਼ਾ ਕਾਰਡ ਲੈਣ ਲਈ ਭੇਜੀ ਗਈ ਫੀਸ ਕਿਸੇ ਵੀ ਹਾਲਤ ਵਿਚ ਵਾਪਸ ਨਹੀ ਕੀਤੀ ਜਾਵੇਗੀ ।

9) ਇਕ ਵਾਰ ਦੁਪਰਤੀ ਸਰਟੀਫਿਕੇਟ/ਨਤੀਜ਼ਾ ਕਾਰਡ ਜਾਰੀ ਹੋਣ ਉਪਰੰਤ ਜੇਕਰ ਕੋਈ ਪ੍ਰੀਖਿਆਰਥੀ ਦੁਬਾਰਾ ਦੁਪਰਤੀ ਸਰਟੀਫਿਕੇਟ ਕਮ ਨਤੀਜ਼ਾ ਕਾਰਡ ਲੈਣ ਦੀ ਮੰਗ ਕਰਦਾ ਹੈ ਤਾਂ ਉਸ ਸੂਰਤ ਵਿਚ ਉਹ ਐਗਜੈਕਟਿਵ ਮੈਜਿਸਟ੍ਰੇਟ ਤੋਂ ਤਸਦੀਕ ਹੋਇਆ ਹਲਫੀਆ ਬਿਆਨ ਵੀ ਪੇਸ਼ ਕਰੇਗਾ ਕਿ ਉਸ ਵੱਲੋਂ ਪ੍ਰਾਪਤ ਕੀਤੇ ਦੁਪਰਤੀ ਸਰਟੀਫਿਕੇਟ ਕਮ ਨਤੀਜ਼ਾ ਕਾਰਡ ਦੀ ਦੁਰਵਰਤੋਂ ਨਹੀ ਕੀਤੀ ਜਾਵੇਗੀ।

10) ਜੇਕਰ ਕੋਈ ਪ੍ਰੀਖਿਆਰਥੀ/ਬਿਨੈਕਾਰ ਤਰੁੱਟੀਆਂ ਵਾਲੇ ਕੇਸਾਂ ਵਿੱਚ ਦਫਤਰ ਵੱਲੋਂ ਜਾਰੀ ਪੱਤਰ/ਅੰਤਿਮ ਯਾਦ ਪੱਤਰ ਦੇ ਜਾਰੀ ਹੋਣ ਤੋਂ 4 ਮਹੀਨੇ ਦੇ ਅੰਦਰ/ਤੱਕ ਕੋਈ ਕਾਰਵਾਈ ਨਹੀਂ ਕਰਦਾ ਤਾਂ ਉਸ ਦੇ ਦੁਪਰਤੀ ਫਾਰਮ ਨੂੰ ਦਾਖਲ ਦਫਤਰ ਕਰ ਦਿੱਤਾ ਜਾਵੇਗਾ ਅਤੇ ਮੁੜ ਤੋਂ ਨਵਾਂ ਦੁਪਰਤੀ ਫਾਰਮ ਨਵੀਂ ਫੀਸ ਪ੍ਰਾਪਤ ਹੋਣ ਉਪਰੰਤ ਹੀ ਕਾਰਵਾਈ ਕੀਤੀ ਜਾਵੇਗੀ।

## **ਸਰਟੀਫਿਕੇਟ ਵਿੱਚ ਸੋਧ ਲਈ ਲੋੜੀਂਦੇ ਦਸਤਾਵੇਜ਼ ਅਤੇ ਹਦਾਇਤਾਂ** :-

1. ਪੰਜਵੀਂ (ਜੇਕਰ ਬੋਰਡ ਤੋਂ ਕੀਤੀ ਹੋਵੇ) ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਸਰਟੀਫਿਕੇਟਸ ਦੀਆਂ ਸਮਰੱਥ ਅਧਿਕਾਰੀ ਤੋਂ ਤਸਦੀਕ ਕੀਤੀਆਂ ਫੋਟੋ ਕਾਪੀਆਂ ਜਿਸ ਵਿੱਚ ਸੋਧ ਮੰਗੀ ਗਈ ਹੋਵੇ ਦਾ ਅਸਲ ਸਰਟੀਫਿਕੇਟ ਨੱਥੀ ਕੀਤਾ ਜਾਵੇ।
2. ਸਬੰਧਤ ਕਲਾਸ ਦੇ ਦਾਖਲਾ ਖਾਰਿਜ ਰਜਿਸਟਰ ਦੀ ਕਾਪੀ ਸਕੂਲ ਅਤੇ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਤਸਦੀਕ ਕਰਵਾ ਕੇ ਨਾਲ ਲਗਾਈ ਜਾਵੇ। ਜੇਕਰ ਉਸ (ਦਾਖਲਾ ਖਾਰਿਜ ਰਜਿ.) ਵਿੱਚ ਕੋਈ ਕਟਿੰਗ ਹੈ ਤਾਂ ਇਸਨੂੰ ਸਰਕਾਰੀ ਸਕੂਲ ਅਤੇ ਏਡਿਡ ਸਕੂਲ ਨਾਲ ਸਬੰਧਤ ਪ੍ਰੀਖਿਆਰਥੀ ਜਿਲ੍ਹਾ ਸਿੱਖਿਆ ਅਫਸਰ (DEO) ਤੋਂ ਅਤੇ ਐਫੀਲੀਏਟਿਡ/ਐਸੋਸੀਏਟਿਡ ਸਕੂਲ ਨਾਲ ਸਬੰਧਤ ਪ੍ਰੀਖਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੁਪਰਡੰਟ, ਐਫੀਲੀਏਸ਼ਨ/ ਐਸੋਸੀਏਸ਼ਨ ਤੋਂ ਪ੍ਰਤੀ ਹਸਤਾਖਰ (Counter Sign) ਕਰਵਾਉਣਗੇ।
3. ਜੇਕਰ ਦਸਵੀਂ ਅਤੇ ਬਾਰ੍ਹਵੀਂ ਵਿੱਚ ਅੰਗਰੇਜੀ ਦੇ ਸ਼ਬਦਾ ਵਿੱਚ ਤਰੁੱਟੀ ਹੈ ਤਾਂ ਆਧਾਰ ਕਾਰਡ/ਸ਼ਨਾਖਤੀ ਕਾਰਡ/ਪਾਸਪੋਰਟ/ ਡਰਾਇਵਿੰਗ ਲਾਈਸੈਂਸ ਦੀ ਤਸਦੀਕਸ਼ੁਦਾ ਫੋਟੋ'ਕਾਪੀ ਨਾਲ ਲਗਾਈ ਜਾਵੇ।
4. ਸਕੂਲ ਦੇ ਨਾਮ ਦੀ ਸੋਧ ਲਈ ਸਕੂਲ ਮੁੱਖੀ ਤੋਂ ਸਕੂਲ ਦੇ ਲੈਟਰ ਪੈਡ ਤੇ ਲਿਖਵਾਕੇ ਨਾਲ ਨੱਥੀ ਕੀਤਾ ਜਾਵੇ।

**ਨੋਟ :- ਸਰਟੀਫਿਕੇਟ ਕੇਵਲ ਪ੍ਰੀਖਿਆਰਥੀ ਨੂੰ ਹੀ ਦਸਤੀ ਦਿੱਤਾ ਜਾਵੇਗਾ ਜਾਂ ਡਾਕ ਰਾਹੀਂ ਦਿੱਤੇ ਪਤੇ ਤੇ ਭੇਜ ਦਿੱਤਾ ਜਾਵੇਗਾ।**

# ਚੈੱਕ ਲਿਸਟ

**ਦੁਪਰਤੀ ਫਾਰਮ ਭਰਨ ਅਤੇ ਪ੍ਰਾਪਤ ਕਰਨ ਸਮੇਂ ਹੇਠ ਲਿਖੇ ਲਿਖੀਆਂ ਹਦਾਇਤਾਂ ਅਨੁਸਾਰ ਫਾਰਮ ਚੈੱਕ ਕਰ ਲਿਆ ਜਾਵੇ:-**

1. ਫਾਰਮ ਵਿੱਚ ਸਾਰੇ ਵੇਰਵੇ ਬਿਨ੍ਹਾਂ ਕਿਸੇ ਕਟਿੰਗ ਤੋਂ ਭਰੇ ਹੋਏ ਹਨ।
2. ਫਾਰਮ ਵਿੱਚ ਫੀਸ ਦਾ ਵੇਰਵਾ ਜਿਵੇਂ ਰਸੀਦ ਨੰਬਰ, ਮਿਤੀ ਅਤੇ ਰਕਮ ਆਦਿ ਭਰਿਆ ਹੈ ਅਤੇ ਅਸਲ ਰਸੀਦ ਫਾਰਮ ਨਾਲ ਨੱਥੀ ਹੈ (ਬਿਨ੍ਹਾਂ ਫੀਸ ਜਾਂ ਘੱਟ ਫੀਸ ਵਾਲਾ ਫਾਰਮ ਪ੍ਰਾਪਤ ਨਾ ਕੀਤਾ ਜਾਵੇ)।
3. ਫਾਰਮ ਅਤੇ ਫੋਟੋ ਦੋਨੋਂ ਇੱਕੋਂ ਹੀ ਸਮਰੱਥ ਅਧਿਕਾਰੀ ਤੋਂ ਤਸਦੀਕ ਹਨ।
4. ਪੱਤਰ ਵਿਹਾਰ ਲਈ ਪਤਾ ਫਾਰਮ ਵਿੱਚ ਦਿੱਤੀਆਂ ਦੋਵਾਂ ਥਾਂਵਾ ਤੇ ਭਰਿਆ ਹੈ।
5. ਫਾਰਮ ਵਿੱਚ ਪ੍ਰੀਖਿਆਰਥੀ ਨੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਹਸਤਾਖਰ ਕੀਤੇ ਹੋਏ ਹਨ।

**ਜੇਕਰ ਸਰਟੀਫਿਕੇਟ ਵਿੱਚ ਸੋਧ ਕਰਵਾਉਣੀ ਹੈ ਤਾਂ ਹੇਠ ਲਿਖੀਆਂ ਹਦਾਇਤਾਂ ਅਨੁਸਾਰ ਦਸਤਾਵੇਜ਼ ਚੈੱਕ ਕਰ ਲਏ ਜਾਣ:-**

1. ਜਿਸ ਕਲਾਸ ਦੇ ਸਰਟੀਫਿਕੇਟ ਵਿੱਚ ਸੋਧ ਕਰਵਾਉਣੀ ਹੈ, ਦਾ ਅਸਲ ਸਰਟੀਫਿਕੇਟ ਨੱਥੀ ਹੈ।
2. ਜਿੰਨ੍ਹਾਂ ਕਲਾਸਾਂ ਦੇ ਸਰਟੀਫਿਕੇਟਾਂ ਦੇ ਆਧਾਰ ਤੇ ਸੋਧ ਕਰਵਾਉਣੀ ਹੈ (ਅੱਠਵੀਂ, ਦਸਵੀਂ ਅਤੇ ਬਾਰਵੀਂ) ਦੇ ਸਰਟੀਫਿਕੇਟ ਦੀਆਂ ਸਮਰੱਥ ਅਧਿਕਾਰੀ ਤੋਂ ਤਸਦੀਕ ਸ਼ੁਦਾ ਕਾਪੀਆਂ ਨੱਥੀ ਹਨ।
3. ਦਾਖਲਾ ਖਾਰਜ ਰਜਿਸਟਰ ਦੀ ਤਸਦੀਕ ਸ਼ੁਦਾ ਕਾਪੀ। (ਹਦਾਇਤਾਂ ਮੁਤਾਬਕ)
4. ਜਨਮ ਮਿਤੀ ਦੀ ਸੋਧ ਲਈ ਜਨਮ ਮਿਤੀ ਦੇ ਅਸਲ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਅਤੇ ਜਿਸ ਕਲਾਸ ਦੇ ਆਧਾਰ ਤੇ ਸੋਧ ਕਰਵਾਉਣੀ ਹੈ, ਦੇ ਅਸਲ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ ਨੱਥੀ ਹੈ (ਜੇਕਰ ਕਿਸੇ ਇੱਕ ਕਲਾਸ ਦੇ ਸਰਟੀਫਿਕੇਟ ਵਿੱਚ ਸਹੀ ਹੈ)।

**ਨੋਟ : ਜੇਕਰ ਉਕਤ ਹਦਾਇਤਾਂ ਅਨੁਸਾਰ ਫਾਰਮ ਕੰਪਲੀਟ ਨਹੀਂ ਹੈ ਤਾਂ ਫਾਰਮ ਪ੍ਰਾਪਤ ਨਹੀਂ ਕੀਤਾ ਜਾਵੇਗਾ।**